# ਮੁਲਾਂਕਣ ਦੀ ਸੰਖੇਪ ਜਾਣਕਾਰੀ

ਆਪਣੇ WA Cares ਫੰਡ ਲਾਭਾਂ ਤੱਕ ਪਹੁੰਚ ਕਰਨ ਲਈ, ਤੁਹਾਨੂੰ ਯੋਗਦਾਨ ਦੀ ਸ਼ਰਤ ਅਤੇ ਦੇਖਭਾਲ ਦੀਆਂ ਲੋੜਾਂ ਦੀ ਸ਼ਰਤ ਦੋਵਾਂ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ। ਤੁਹਾਡਾ ਯੋਗਦਾਨ ਨਿਰਧਾਰਨ ਪੱਤਰ ਤੁਹਾਨੂੰ ਦੱਸੇਗਾ ਕਿ ਕੀ ਤੁਸੀਂ ਯੋਗਦਾਨ ਦੀ ਸ਼ਰਤ ਨੂੰ ਪੂਰਾ ਕੀਤਾ ਹੈ ਅਤੇ ਤੁਹਾਨੂੰ ਲਾਭ ਦੀ ਕਿੰਨੀ ਰਾਸ਼ੀ ਉਪਲਬਧ ਹੈ। ਦੇਖਭਾਲ ਦੀਆਂ ਲੋੜਾਂ ਦੀ ਸ਼ਰਤ ਦੀ ਪੁਸ਼ਟੀ ਦੇਖਭਾਲ ਦੀਆਂ ਲੋੜਾਂ ਦੇ ਮੁਲਾਂਕਣ ਰਾਹੀਂ ਕੀਤੀ ਜਾਂਦੀ ਹੈ।

ਦੇਖਭਾਲ ਦੀਆਂ ਲੋੜਾਂ ਦੇ ਮੁਲਾਂਕਣ ਦੌਰਾਨ, ਅਸੀਂ ਤੁਹਾਡੇ ਨਾਲ ਉਸ ਸਹਾਇਤਾ ਬਾਰੇ ਗੱਲ ਕਰਾਂਗੇ ਜਿਸਦੀ ਤੁਹਾਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਕਰਨ ਲਈ ਲੋੜ ਹੋ ਸਕਦੀ ਹੈ ਅਤੇ ਕੀ ਉਹ ਲੋੜ ਘੱਟੋ-ਘੱਟ 90 ਦਿਨਾਂ ਤੱਕ ਜਾਰੀ ਰਹਿਣ ਦੀ ਉਮੀਦ ਹੈ।

## ਜਿਨ੍ਹਾਂ ਗਤੀਵਿਧੀਆਂ ਦਾ ਅਸੀਂ ਮੁਲਾਂਕਣ ਕਰਦੇ ਹਾਂ




ਜੇਕਰ ਤੁਸੀਂ ਦੋਵੇਂ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਤੁਹਾਨੂੰ WA Cares ਫੰਡ ਲਾਭਾਂ ਦੀ ਵਰਤੋਂ ਕਰਨ ਲਈ ਮਨਜ਼ੂਰੀ ਦਿੱਤੀ ਜਾ ਸਕਦੀ ਹੈ।

## ਸਮਾਂ-ਸਾਰਣੀ ਸੰਬੰਧੀ ਜਾਣਕਾਰੀ

ਤੁਸੀਂ ਮੁਲਾਂਕਣ ਪ੍ਰਕਿਰਿਆ ਸ਼ੁਰੂ ਕਰਨ ਲਈ WA Cares ਫੰਡ ਟੀਮ ਦੇ ਮੈਂਬਰ ਨਾਲ ਕਾਲ ਨਿਯਤ ਕਰਨ ਲਈ ਆਪਣੇ ਲਾਭ ਖਾਤੇ ਦੀ ਵਰਤੋਂ ਕਰੋਗੇ। ਜੇਕਰ ਤੁਸੀਂ ਆਪਣੇ ਲਾਭ ਖਾਤੇ ਰਾਹੀਂ ਨਿਯਤ ਕਰਨ ਦੇ ਯੋਗ ਨਹੀਂ ਹੁੰਦੇ, ਤਾਂ ਫ਼ੋਨ ਜਾਂ ਈਮੇਲ ਰਾਹੀਂ ਸਾਡੇ ਨਾਲ ਸੰਪਰਕ ਕਰੋ।

ਫ਼ੋਨ ਕਾਲ ਦੌਰਾਨ, ਅਸੀਂ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਬਾਰੇ ਪੁੱਛਾਂਗੇ ਅਤੇ ਤੁਹਾਡੀ ਮੁਲਾਂਕਣ ਮੁਲਾਕਾਤ ਨਿਯਤ ਕਰਾਂਗੇ। ਅਸੀਂ ਤੁਹਾਡੇ ਮੁਲਾਂਕਣ ਦੌਰਾਨ ਭਾਸ਼ਾ ਸਹਾਇਤਾ ਅਤੇ ਪਹੁੰਚਯੋਗਤਾ ਸੰਬੰਧੀ ਸਹੂਲਤਾਂ ਪ੍ਰਦਾਨ ਕਰ ਸਕਦੇ ਹਾਂ। ਉਦਾਹਰਨ ਲਈ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਮੁਲਾਕਾਤ ਅਜਿਹੀ ਥਾਂ 'ਤੇ ਹੋਵੇ ਜੋ ਤੁਹਾਡੀਆਂ ਗਤੀਸ਼ੀਲਤਾ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੋਵੇ ਜਾਂ ਵਾਧੂ ਸਮਾਂ ਦੇਣ ਲਈ ਸਮਾਂ-ਸਾਰਣੀ ਵਿੱਚ ਬਦਲਾਅ ਕਰ ਸਕਦੇ ਹਾਂ। ਸਾਨੂੰ ਆਪਣੀਆਂ ਲੋੜਾਂ ਬਾਰੇ ਪਹਿਲਾਂ ਹੀ ਦੱਸ ਦਿਓ।

ਤੁਹਾਡੇ ਮੁਲਾਂਕਣ ਦੌਰਾਨ ਘੱਟੋ-ਘੱਟ ਇੱਕ ਸਹਾਇਕ ਵਿਅਕਤੀ ਨੂੰ ਨਾਲ ਰੱਖਣ ਲਈ ਵੀ ਤੁਹਾਡਾ ਸਵਾਗਤ ਹੈ। ਇਹ ਸਹਾਇਕ ਵਿਅਕਤੀ ਭਰੋਸਾ ਪ੍ਰਦਾਨ ਕਰ ਸਕਦਾ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਮੁਲਾਂਕਣਕਰਤਾ ਤੁਹਾਡੀਆਂ ਲੋੜਾਂ ਅਤੇ ਤਰਜੀਹਾਂ ਨੂੰ ਸਮਝਦਾ ਹੈ।

## ਵਿਅਕਤੀਗਤ ਤੌਰ ‘ਤੇ ਮੁਲਾਂਕਣ

ਇੱਕ ਵਿਅਕਤੀਗਤ ਮੁਲਾਂਕਣ ਤੁਹਾਡੇ ਘਰ ਜਾਂ ਤੁਹਾਡੀ ਪਸੰਦ ਦੇ ਕਿਸੇ ਭਾਈਚਾਰਕ ਸਥਾਨ ‘ਤੇ ਹੋ ਸਕਦਾ ਹੈ। ਇਹ ਸਮਾਜਿਕ ਅਤੇ ਸਿਹਤ ਸੇਵਾਵਾਂ ਵਿਭਾਗ ਦੇ WA Cares ਟੀਮ ਮੈਂਬਰ ਜਾਂ ਤੁਹਾਡੀ ਸਥਾਨਕ ਏਰੀਆ ਏਜੰਸੀ ਆਨ ਏਜਿੰਗ ਦੇ ਸਟਾਫ਼ ਦੁਆਰਾ ਕਰਵਾਇਆ ਜਾਵੇਗਾ। ਦੇਖਭਾਲ ਦੀਆਂ ਲੋੜਾਂ ਦੇ ਮੁਲਾਂਕਣ ਨੂੰ ਪੂਰਾ ਹੋਣ ਵਿੱਚ 90 ਮਿੰਟ ਜਾਂ ਇਸ ਤੋਂ ਵੱਧ ਸਮਾਂ ਲੱਗ ਸਕਦਾ ਹੈ।

## ਤਿਆਰੀ ਕਿਵੇਂ ਕਰਨੀ ਹੈ

ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਕਰਨ ਲਈ, ਤੁਹਾਡੇ ਦੁਆਰਾ ਹੇਠਾਂ ਦਿੱਤੀ ਜਾਣਕਾਰੀ ਉਪਲਬਧ ਰੱਖਣਾ ਮਦਦਗਾਰ ਹੋ ਸਕਦਾ ਹੈ।

### ਇਹ ਚੀਜ਼ਾਂ ਲੋੜੀਂਦੀਆਂ ਨਹੀਂ ਹਨ, ਪਰ ਇਹ ਮਦਦਗਾਰ ਹੋ ਸਕਦੀਆਂ ਹਨ:

- ਤੁਹਾਡੀਆਂ ਮੌਜੂਦਾ ਨਿਦਾਨਾਂ, ਸਥਿਤੀਆਂ ਅਤੇ ਬਿਮਾਰੀਆਂ ਦੀ ਸੂਚੀ
- ਤੁਹਾਡੀਆਂ ਦਵਾਈਆਂ ਅਤੇ ਇਲਾਜਾਂ ਦੀ ਸੂਚੀ (ਦਵਾਈਆਂ ਦੇ ਪ੍ਰਬੰਧਨ ਵਿੱਚ ਤੁਹਾਡੀ ਸਹਾਇਤਾ ਦੀ ਲੋੜ ਨੂੰ ਸਮਝਣ ਲਈ, ਅਸੀ ਤੁਹਾਡੇ ਦੁਆਰਾ ਲਈਆਂ ਜਾਣ ਵਾਲੀਆਂ ਦਵਾਈਆਂ ਦੀ ਗਿਣਤੀ ਪੁੱਛਾਂਗੇ ਅਤੇ ਤੁਹਾਡੇ ਦੁਆਰਾ ਲਈਆਂ ਜਾਣ ਵਾਲੀਆਂ ਖਾਸ ਦਵਾਈਆਂ ਦਾ ਦਸਤਾਵੇਜ਼ੀਕਰਨ ਨਹੀ ਕਰਾਂਗੇ)
- ਕਿਸੇ ਵੀ ਲੰਬੇ ਸਮੇਂ ਦੀ ਦੇਖਭਾਲ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਜੋ ਤੁਸੀਂ ਵਰਤਮਾਨ ਵਿੱਚ ਵਰਤ ਰਹੇ ਹੋ ਜਾਂ ਪਿਛਲੇ ਮਹੀਨੇ ਵਿੱਚ ਵਰਤੀਆਂ ਹਨ
- ਮੌਜੂਦਾ ਦੇਖਭਾਲ ਯੋਜਨਾ, ਜੇਕਰ ਉਪਲਬਧ ਹੋਵੇ

ਜੇਕਰ ਤੁਹਾਡੇ ਕੋਲ ਇਹ ਸਾਰੀ ਜਾਣਕਾਰੀ ਮੌਜੂਦ ਨਹੀਂ ਹੈ, ਤਾਂ WA Cares ਟੀਮ ਦਾ ਮੈਂਬਰ ਜਾਂ ਤੁਹਾਡੀ ਸਥਾਨਕ ਏਰੀਆ ਏਜੰਸੀ ਆਨ ਏਜਿੰਗ ਦਾ ਸਟਾਫ਼ ਪ੍ਰਕਿਰਿਆ ਵਿੱਚ ਤੁਹਾਡੀ ਅਗਵਾਈ ਕਰੇਗਾ।

## ਜਿਆਦਾ ਜਾਣੋ

**ਫ਼ੋਨ**

844-CARE4WA
(844-227-3492)

**ਈਮੇਲ ਜਾਂ ਚੈਟ**

wacaresfund.wa.gov/contact

ਭਾਸ਼ਾ ਸਹਾਇਤਾ ਉਪਲਬਧ ਹੈ।

ਸਭ ਤੋਂ ਤਾਜ਼ਾ ਜਾਣਕਾਰੀ ਲਈ, wacaresfund.wa.gov ‘ਤੇ ਜਾਓ।